ਹਮੂ ਹਰਿਕਿਸ਼ਨ ਆਮਦਾ ਸਰ ਬੁਲੰਦ

## ਚੰਡੀ ਦੀ ਵਾਰ

ੴ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਭਗਉਤੀ ਜੀ ਸਹਾਇ ॥

ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸਾਹੀ ੧੦ ॥

ਇਹ, ਸ੍ਰੀ ਦਸਮ ਪਾਤਸ਼ਾਹ ਦੀ ਰਚਨਾ, ਚੰਡੀ ਦੀ ਵਾਰ ਦੀ ਪਹਿਲੀ ਪਉੜੀ ਹੈ, ਜੋ ਮੰਗਲਾਚਰਣ ਵਜੋਂ ਉਚਾਰਣ ਕੀਤੀ ਗਈ ਹੈ। ਇਸ ਪਉੜੀ ਵਿਚ, ਪਹਿਲੇ ਨੌਂ ਗੁਰੂ ਸਾਹਿਬਾਨ ਦੇ ਸਿਮਰਣ ਜਾਂ ਧਿਆਉਣ ਦਾ ਉਪਦੇਸ਼ ਦਿਤਾ ਗਿਆ ਹੈ।

ਜਿਵੇਂ ਗੁਰੂ ਗ੍ਰੰਥ ਸਹਿਬ ਦੀ ਬਾਣੀ ਵਿਚ ਮੂਲ ਮੰਤਰ ਦੇ ਕਈ ਸਰੂਪ ਮੰਗਲਾਚਰਣ ਵਜੋਂ ਆਏ ਹਨ ਇਸੇ ਤਰ੍ਹਾਂ ਦਸਮ ਗ੍ਰੰਥ ਸਾਹਿਬ ਵਿਚ 'ਸਤਿ ਗੁਰਪ੍ਰਸਾਦਿ' ਦੀ ਥਾਂ ਤੇ 'ਵਾਹਿਗੁਰੂ ਜੀ ਕੀ ਫਤਹ' ਆਇਆ ਹੈ। ਇਸ ਦੇ ਨਾਲ 'ਭਗਉਤੀ' ਸ਼ਬਦ ਵਰਤ ਕੇ ਪਰਮਾਤਮਾ ਦੀ ਸ਼ਕਤੀ ਨੂੰ ਸਹਾਈ ਮੰਨਿਆ ਗਿਆ ਹੈ।

ਅਗੋਂ, ਵਾਰ ਦਾ ਸਿਰਲੇਖ ਅਤੇ ਉਚਾਰਣ ਕਰਤਾ ਬਾਰੇ ਜ਼ਿਕਰ ਹੈ, ਜਿਸ ਲਈ 'ਪਾਤਸ਼ਾਹੀ ੧੦' ਅੰਕਿਤ ਹੈ।

This is first Pauri or Stanza of '**Chandi di Vaar**' composed by Sri Guru Gobind Singh Sahib. This stanza is like a '**Manglacharan**' (Hail to God) before starting the '**Vaar**' or Ballad. In this stanza, the Guru has preached to meditate upon the Names, of any one of the first nine Gurus or all.

The Pauri starts with slogan of Victory to God. The Power of God or '**Bhagauti**' is taken as Protector.

ਪ੍ਰਿਥਮ ਭਗੌਤੀ ਸਿਮਰਿ ਕੈ ਗੁਰੁ ਨਾਨਕ ਲਈਂ ਧਿਆਇ ॥

ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ ॥

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਰਚਨਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਪਰਮਾਤਮਾ ਦੀ ਖੰਡ ਕਰਨ ਵਾਲੀ ਸ਼ਕਤੀ ਦਾ ਜਾਪ ਕਰਦੇ ਹਨ। (ਮਹਾਨ ਕੋਸ਼ ਗੁਰਸ਼ਬਦ ਰਤਨਾਕਰ ਅਨੁਸਾਰ ਭਗਉਤੀ ਦੇ ਅਰਥ ਹੋਰਨਾਂ ਤੋਂ ਇਲਾਵਾ, ਤਲਵਾਰ ਜਾਂ ਸ੍ਰੀ ਸਾਹਿਬ ਵੀ ਹਨ ਅਤੇ ਮਹਾਕਾਲ ਵੀ ਹਨ।) ਹਰ ਹਾਲ ਵਿਚ ਭਗਉਤੀ ਸ਼ਬਦ ਕਰਤਾਰੀ ਸ਼ਕਤੀ ਲਈ ਹੀ ਵਰਤਿਆ ਗਿਆ ਹੈ ਨਾ ਕਿ ਕਿਸੇ ਦੇਵੀ ਆਦਿ ਲਈ।

ਸ੍ਰੀ ਅਕਾਲ ਪੁਰਖ ਦੇ ਸਿਮਰਣ ਤੋਂ ਬਾਅਦ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਧਿਆਇਆ ਗਿਆ ਹੈ। ਧਿਆਉਣਾ, ਸਿਮਰਣ ਕਰਨਾ, ਜਾਪ ਕਰਨਾ ਇਕ ਹੀ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਸਿਮਰਣ ਤੋਂ ਬਾਅਦ, ਸ੍ਰੀ ਗੁਰੂ-ਅੰਗਦ ਸਾਹਿਬ, ਅਮਰ ਦਾਸ ਸਾਹਿਬ ਅਤੇ ਰਾਮ ਦਾਸ ਸਾਹਿਬ ਜੀ ਨੂੰ ਸਹਾਈ, ਮਦਦਗਾਰ ਹੋਣ ਲਈ ਅਰਜ਼ੋਈ ਕੀਤੀ ਗਈ ਹੈ।

ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ

ਧੰਨ ਸ੍ਰੀ ਗੁਰੂ ਨਾਨਕ ਸਾਹਿਬ   ਧੰਨ ਸ੍ਰੀ ਗੁਰੂ ਨਾਨਕ ਸਾਹਿਬ

ਧੰਨ ਸ੍ਰੀ ਗੁਰੂ ਅੰਗਦ ਸਾਹਿਬ   ਧੰਨ ਸ੍ਰੀ ਗੁਰੂ ਅੰਗਦ ਸਾਹਿਬ

ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ   ਧੰਨ ਸ੍ਰੀ ਗੁਰੂ ਅਮਰਦਾਸ ਸਾਹਿਬ

ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ   ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ

Sri Guru Gobind Singh has, first of all, instructed to meditate upon the Name of the 'Killing Instinct' of God. '**Bhagauti**' means 'Sword' too. Then he advised to meditate upon the Names of Sri Guru Nanak Sahib and subsequently, Sri Guru-Angad Sahib, Amardas and Ramdas Sahibs and then, prayed them to remain his Protector.

# ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥

ਉਪਰੰਤ ਸ੍ਰੀ ਗੁਰੂ-ਅਰਜਨ ਸਾਹਿਬ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਫ਼ਿਰ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਸਿਮਰਣ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵੀ, ਗੁਰੂ ਸਾਹਿਬਾਨ ਦੇ ਸਿਮਰਣ ਜਾਂ ਧਿਆਉਣ ਦਾ ਉਪਦੇਸ਼ ਦਿਤਾ ਗਿਆ ਹੈ। ਜਿਵੇਂ ਪੰਨਾ ੧੩੯੯ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਿਮਰਣ ਕਰਣ ਬਾਰੇ ਫ਼ੁਰਮਾਣ ਹੈ - 'ਤਉ ਪਰਮ ਗੁਰੂ ਨਾਨਕ ਗੁਨ ਗਾਵਉ।।' ਸ੍ਰੀ ਗੁਰੂ ਤੇਗ ਬਹਾਦਰ ਦਾ ਸਿਮਰਣ ਕਰਨ ਦੇ ਨਾਲ -ਨਾਲ ਦਸਮ ਪਿਤਾ ਨੇ ਇਹ ਬਚਨ ਕੀਤਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਅਰਾਧਨਾ ਜਾਂ ਸਿਮਰਨ ਦੇ ਨਾਲ ਨੌਂ ਨਿਧੀਆਂ ਧਾਅ ਕੇ ਸਾਡੇ ਕੋਲ ਆ ਜਾਂਦੀਆਂ ਹਨ।

ਹਰ ਥਾਂ ਤੇ ਸਾਡੇ ਮਦਦਗਾਰ ਹੋਣਾ ਜੀ।

By meditating on the Name of Guru Tegh Bahadur, nine Divine Treasures dash to our house (body).

And He be our Saviour everywhere.

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੯੧ ਤੇ, ਕਲ ਸਹਾਰ ਜੀ ਲਹਿਣਾ ਗੁਰੂ (ਸ੍ਰੀ ਗੁਰੂ ਅੰਗਦ ਸਾਹਿਬ) ਦਾ ਜਸ ਉਚਾਰਣ ਜਾਂ ਸਿਮਰਣ ਕਰ ਰਹੇ ਹਨ - 'ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ।।'

ਪੰਨਾ ੧੩੯੨ ਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਹਥ ਬੰਨ੍ਹ ਕੇ ਸਿਮਰਣ ਕਰਣ ਦੀ ਗਲ ਕੀਤੀ ਗਈ ਹੈ - 'ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ੍ਯ ਜੋੜਿ ਕਰ ਧ੍ਯ੍ਯਾਇਅਉ।।'

ਪੰਨਾ ੧੩੯੮ ਤੇ ਸਵਈਏ ਮਹਲੇ ਚਉਥੇ ਕੇ ਵਿਚ ਫ਼ੁਰਮਾਣ ਹੈ ਕਿ ਜੋ ਮਨੁਖ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਨਾਮ ਬਿਰਤੀ ਜੋੜ ਕੇ ਮਨ ਵਿਚ ਸ਼ਰਧਾ ਨਾਲ

ਜਪਦੇ ਹਨ ਉਨ੍ਹਾਂ ਨੂੰ ਪਾਪ ਕਲੇਸ਼ ਨਹੀਂ ਪੋਹ ਸਕਦੇ - 'ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ।।'

ਪੰਨਾ ੧੪੦੯ ਤੇ ਸਵਈਏ ਮਹਲੇ ਪੰਜਵੇ ਕੇ ਵਿਚ ਅੰਕਿਤ ਹੈ - 'ਜਪੵਉ ਜਿਨੑ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ।।', ਭਾਵ, ਜਿਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਾਪ, ਸਿਮਰਨ ਕੀਤਾ ਉਹ ਮੁੜ ਗਰਭ ਜੋਨੀ ਵਿਚ ਨਹੀਂ ਆਉਂਦੇ।

ਇਸ ਲਈ ਅਸੀਂ ਵੀ ਸਿਮਰਣ ਕਰੀਏ :

ਧੰਨ ਸ੍ਰੀ ਗੁਰੂ ਅਰਜਨ ਸਾਹਿਬ ਧੰਨ ਸ੍ਰੀ ਗੁਰੂ ਅਰਜਨ ਸਾਹਿਬ

ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ

ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ

Then he meditated upon the Names of Sri Guru-Arjan Sahib, Hargobind and HarRai Sahibs.

Guru Granth Sahib preaches meditation on the Names of the Gurus also, along with God. Because they are God Manifest.

On page 1389, there is advice to do Simran on Sri Guru Nanak Sahib.

On page 1391, it is mentioned that Simran on the Name of Sri Guru Angad Sahib is being done everywhere in the Cosmos.

On page 1392, there is a mention of doing Simran of Sri Guru Amardas Sahib, with folded hands.

On page 1409, it has been told that those who do Simran of Sri Guru Ramdas Sahib, with devotion and concentration, sins and sufferings don't come even near to them.

On page 1409, there is a clear instruction that those who have meditated on the Name of Sri Guru Arjan

Sahib, they don't come in the problem of coming into womb again.

(The text of all the five quotes are given above in Gurmukhi)

ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ '**ਜੋਤਿ ਬਿਗਾਸ**' ਵਿਚ, ਸ੍ਰੀ ਗੁਰੂ ਹਰਿ ਰਾਇ ਸਾਹਿਬ ਲਈ ਅੰਕਤ ਕੀਤਾ ਹੈ ਕਿ ਗੁਰੂ ਹਰਿ ਰਾਇ ਸਾਹਿਬ ਉਹੀ ਗੁਰੂ ਨਾਨਕ ਹਨ, ਜਿਨ੍ਹਾਂ ਨੂੰ ਸਾਹਮਣੇ ਅਤੇ ਪਿਛਲੇ, ਸਭ ਪਾਸੇ ਬਿਲਕੁਲ ਸਪੱਸ਼ਟ ਦਿਸਦੇ ਹਨ, ਭਾਵ, ਉਨ੍ਹਾਂ ਤੋਂ ਕੁਝ ਵੀ ਛੁਪਿਆ ਹੋਇਆ ਨਹੀਂ ਹੈ - 'ਹਮੂ ਅਸਤ ਹਰਿਰਾਇ ਕਰਤਾ ਗੁਰੂ।। ਬਦੋ ਆਸ਼ਕਾਰਾ ਹਮਹ ਪੁਸ਼ਤ ਰੂ।।੨੫।।'

Bhai Nand Lal ji, a Court poet of Sri Guru Gobind Singh, has mentioned in his poetry, '**Jot Bigas**' that '**Guru Har Rai is the same Guru Nanak, to whom, the observed and the reverse sides of every thing are absolutely clear and apparent**' or nothing is hidden from him.25.

## ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥

ਇਨ੍ਹਾਂ ਪੰਕਤੀਆਂ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਿਮਰਣ ਕਰਨ ਉਪਰੰਤ, ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਫ਼ੁਰਮਾਣ ਹੈ ਕਿ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਧਿਆਉਂਣ ਅਤੇ ਉਨ੍ਹਾਂ ਦੇ ਦਰਸ਼ਨ ਪਾਉਣ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ।

Sri Guru Gobind Singh declares that by meditating on the Name of Sri Guru Harkrishan Sahib and his subsequent pious Glimpse, all sufferings vanish.

ਧਿਆਨ ਰਹੇ ਕਿ ਅਸਲ ਦੁਖ, ਬਾਰ ਬਾਰ ਜਨਮ ਲੈਣ ਅਤੇ

ਮਰਣ, ਦਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਸਿਮਰਨ ਅਤੇ ਦਰਸ਼ਨਾਂ ਨਾਲ ਇਹ ਦੁਖ ਵੀ ਕਟਿਆ ਜਾਂਦਾ ਹੈ।

One must keep in mind that the foremost suffering is, the cycle of births and deaths. Even this suffering also vanishes by the Jaap of Sri Guru Harkrishan's Name and His subsequent Divine Glimpse.

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮੁਖਾਰਬਿੰਦ ਤੋਂ ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ '**ਜੋਤਿ ਬਿਗਾਸ**' ਵਿਚ ਕਲਮਬੰਦ ਕੀਤਾ ਹੈ, 'ਅਸੀਂ ਹੀ ਹਾਂ ਹਰਿ ਕ੍ਰਿਸ਼ਨ, ਜੋ ਪ੍ਰਮੁੱਖ ਅਤੇ ਸਰਵਉਚ ਹਨ, ਜਿਸ ਤੋਂ ਹਰ ਇਕ ਜ਼ਰੂਰਤਮੰਦ ਨੂੰ ਆਪਣੀ ਜ਼ਰੂਰਤ ਅਤੇ ਖ਼ਾਹਿਸ਼ ਪੂਰੀ ਹੋਣ ਦੀ ਆਸ ਹੋ ਸਕਦੀ ਹੈ' - "ਹਮੂ ਹਰਿਕਿਸ਼ਨ ਆਮਦਾ ਸਰ-ਬੁਲੰਦ।। ਅਜ਼ੋ ਹਾਸਿਲ ਉਮੀਦਿ ਹਰ ਮੁਸਤਮੰਦ।।੨੬।।"

Bhai Nand Lal ji, in his poetry, Jot Bigas has said '**The prominent and distinguished Harkrishan is the same Nanak, From whom, the wishes of every needy person, are fulfilled.**'

ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀਓ

ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀਓ

ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀਓ

ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀਓ

Great is Guru Harkrishan Sahib

Great is Guru Harkrishan Sahib

Great is Guru Harkrishan Sahib

Great is Guru Harkrishan Sahib

## ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥

## ਸਭ ਥਾਈਂ ਹੋਇ ਸਹਾਇ ॥ ੧॥

ਸ੍ਰੀ ਗੁਰੂ ਤੇਗ ਬਹਾਦਰ ਦਾ ਸਿਮਰਣ ਕਰਨ ਦੇ ਨਾਲ-ਨਾਲ, ਦਸਮ ਪਿਤਾ ਨੇ ਇਹ ਬਚਨ ਕੀਤਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਅਰਾਧਨਾ ਜਾਂ ਸਿਮਰਨ ਦੇ ਨਾਲ, ਨੌਂ ਨਿਧੀਆਂ ਧਾਅ ਕੇ ਸਾਡੇ ਕੋਲ ਆ ਜਾਂਦੀਆਂ ਹਨ।

ਹਰ ਥਾਂ ਤੇ ਸਾਡੇ ਮਦਦਗਾਰ ਹੋਣਾ ਜੀ। ਬੇਨਤੀ ਕੀਤੀ ਹੈ।

By meditating on the Name of Guru Tegh Bahadur, nine Divine Treasures dash to our house (body).

And, All be our Saviour everywhere.

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ
ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

Great is Guru Tegh Bahadur Sahib

Great is Guru Tegh Bahadur Sahib

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ

Great is Guru Gobind Singh Sahib

Great is Guru Gobind Singh Sahib

ਭਾਈ ਨੰਦ ਲਾਲ ਜੀ ਨੇ ਦਸਵੇਂ ਪਾਤਸ਼ਾਹ ਦੇ ਮੁਖ ਤੋਂ ਉਚਾਰਣ ਸ਼ਬਦ ਅੰਕਤ ਕੀਤੇ ਹਨ, 'ਅਸੀਂ ਹੀ ਗੁਰੂ ਗੋਬਿੰਦ ਸਿੰਘ ਹਾਂ ਅਸੀਂ ਹੀ ਗੁਰੂ ਨਾਨਕ ਹਾਂ, ਅਸੀਂ ਹੀ ਰਤਨ ਹਾਂ, ਮੋਤੀ ਹਾਂ ਅਸੀਂ ਹੀ ਮਾਣਕ ਹਾਂ - 'ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ।। ਹਮੂ ਰਤਨ ਜੌਹਰ ਹਮੂ ਮਾਣਕ ਅਸਤ।।'

Bhai Nand Lal ji has quoted Guru Gobind Singh, in his poetry, '**Jot Bigas**', '**I am Guru Gobind Singh, I am Guru Nanak. I am the Precious jewel, pearl, gem, ruby.**'

14.7.2020